31

# ''ਤਾਂ ਜੋ ਤੁਹਾਡਾ ਅਨੰਦ ਪੂਰਾ ਹੋ ਜਾਵੇ''

## (16:1-33)

*ਇਨ੍ਹਾਂ ਅਇਤਾਂ ਵਿੱਚੋਂ ਪ੍ਰਚਾਰ ਕਰਨ ਤੋਂ ਪਹਿਲੇ ਹਫ਼ਤੇ ਸਾਡੇ ਇਲਾਕੇ ਵਿਚ ਦੋ ਅਫ਼ਸੋਸਨਾਕ ਘਟਨਾਵਾਂ ਵਾਪਰੀਆਂ ਸਨ। ਪਹਿਲੀ ਘਟਨਾ ਬੇਸਬਾਲ ਖੇਡ ਰਹੇ ਪੰਦਰਾਂ ਸਾਲਾਂ ਦੇ ਇਕ ਮੁੰਡੇ ਦੀ ਮੌਤ ਸੀ। ਇਕ ਸ਼ਾਮ ਬੇਸਬਾਲ ਖੇਡਦਿਆਂ ਪਹਿਲੀ ਇਨਿੰਗ ਵਿਚ ਹੀ ਉਸਨੇ ਵੱਡੀ ਹਿੱਟ ਲਗਾਉਂਦੇ ਹੋਏ ਆਪਣੀ ਟੀਮ ਲਈ ਪਹਿਲਾਂ ਅੰਕ ਹਾਸਲ ਕੀਤਾ ਸੀ। ਫਿਰ ਆਪਣੇ ਸਾਥੀਆਂ ਵੱਲ ਜਾਂਣ ਵੇਲੇ, ਉਸ ਦੀ ਮੌਤ ਹੋ ਗਈ ਸੀ। ਹੁਣੇ ਉਹ ਚੰਗਾ ਭਲਾ ਸੀ ਅਤੇ ਅਗ਼ਲੇ ਹੀ ਪਲ ਉਹ ਮਰ ਚੁਕਾ ਸੀ। ਉਸ ਹਫ਼ਤੇ ਦੀ ਦੂਜੀ ਦਰਦਭਰੀ ਘਟਨਾ ਪੈਂਤੀ ਸਾਲਾਂ ਦੀ ਇਕ ਮਸੀਹੀ ਔਰਤ ਦੀ ਮੌਤ ਅਤੇ ਮਰਨ ਕੰਢੇ ਪਹੁੰਚੀ ਉਹਦੀ ਗਿਆਰ੍ਹਾਂ ਸਾਲਾਂ ਦੀ ਕੁੜੀ ਸੀ। ਕੁਝ ਹੀ ਦਿਨਾਂ ਵਿਚ ਸਾਡੇ ਦੋ ਭਰਮ ਟੁੱਟ ਗਏ ਸਨ ਪਹਿਲਾ ਇਹ ਕਿ ਜਵਾਨ ਅਤੇ ਤੰਦਰੁਸਤ ਲੋਕਾਂ ਨੂੰ ਮੌਤ ਨਹੀਂ ਆਉਂਦੀ ਅਤੇ ਦੂਜਾ ਇਹ ਕਿ ਸਾਡਾ ਸਮਾਜ ਮਾਰ ਧਾੜ ਦੇ ਇਲਜ਼ਾਮ ਤੋਂ ਮੁਕਤ ਹੈ। ਕਹਿਣ ਦੀ ਲੋੜ ਨਹੀਂ ਕਿ ਇਸ ਹਫ਼ਤੇ ਦੀਆਂ ਘਟਨਾਵਾਂ ਨੇ ਸਾਨੂੰ ਪਰੇਸ਼ਾਨ ਕਰ ਦਿੱਤਾ ਅਤੇ ਅਸੀਂ ਬੜੇ ਘਬਰਾ ਗਏ ਸਾਂ। ਹੈਰਾਨੀ ਦੀ ਗੱਲ ਹੈ ਕਿ ਯੂਹੰਨਾ 16 ਪਾਠ ਵਿਚ ਚੇਲਿਆਂ ਦੀ ਮਨੋਦਸ਼ਾ ਦਾ ਬਿਆਨ ਕਰਨ ਲਈ ''ਡਰੇ ਹੋਏ'' ਅਤੇ ''ਭੈਭੀਤ'' ਸ਼ਬਦ ਸਭ ਤੋਂ ਢੁਕਵੇਂ ਹਨ। ਨਤੀਜੇ ਵੱਜੋਂ ਇਕ ਬਹੁਤ ਹੀ ਮੁਸ਼ਕਿਲ ਹਫ਼ਤੇ ਲਈ ਇਹ ਬਿਲਕੁਲ ਢੁਕਵਾਂ ਵਚਨ ਸੀ।*

ਪ੍ਰਚਾਰ ਕਰਨ ਲਈ ਤਿਆਰੀ ਕਰਨਾ ਕਈ ਵਾਰ ਯਾਕੂਬ ਦੇ ਪਰਮੇਸ਼ੁਰ ਨਾਲ ਕੁਸ਼ਤੀ ਕਰਨ ਵਾਲੀ ਉਸ ਰਾਤ ਵਾਂਗ ਹੁੰਦਾ ਹੈ।[1] ਇਕ ਰਾਤ ਯੱਬੋਕ ਦਰਿਆ ਦੇ ਕੰਢੇ ਯਾਕੂਬ ਇਕੱਲਾ ਦਿਨ ਨਿਕਲਣ ਤਕ ਆਪਣੇ ਵਿਚਾਰਾਂ, ਯਾਦਾਂ, ਫ਼ਿਕਰਾਂ ਅਤੇ ਖ਼ੁਦਾ ਦੇ ਫ਼ਰਿਸ਼ਤੇ ਨਾਲ ਘੋਲ ਕਰਦਾ ਰਿਹਾ ਸੀ। ਅਗਲੇ ਦਿਨ ਜਦ ਦਿਨ ਚੜ੍ਹਨ ਲੱਗਾ, ਤਾਂ ਯਾਕੂਬ ਨਾਲ ਘੋਲ ਕਰਨ ਵਾਲੇ ਨੇ ਉਸ ਨੂੰ ਛੱਡਣ ਦਾ ਹੁਕਮ ਦਿੱਤਾ ਤਾਂ ਜੋ ਉਹ ਜਾ ਸਕੇ। ਯਾਕੂਬ ਨੇ ਛੱਡਣੋਂ ਨਾਂਹ ਕਰ ਦਿੱਤੀ ਅਤੇ ਕਿਹਾ, ''ਮੈਂ ਤੈਨੂੰ ਨਹੀਂ ਜਾਣ ਦਿਆਂਗਾ ਜਦ ਤੀਕ ਤੂੰ ਮੈਨੂੰ ਬਰਕਤ ਨਾ ਦੇਵੇਂ'' (ਉਤਪਤ 32:26)। ਪ੍ਰਚਾਰ ਕਰਨ ਦਾ ਅਰਥ ਕਈ ਵਾਰ ਅਜਿਹਾ ਹੀ ਹੋ ਜਾਂਦਾ ਹੈ, ਪ੍ਰਚਾਰਕ ਔਖੀਆਂ ਆਇਤਾਂ ਦਾ ਅਰਥ ਸਮਝਾਉਣ ਲਈ ਦੇਰ ਤਕ ਜੱਦੋਜਹਿਦ ਕਰਦੇ ਹਨ ਅਤੇ ਕਈ ਵਾਰ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਨਤੀਜਾ ਨਹੀਂ ਨਿਕਲਿਆ। ਪਰ ਜੱਦੋਜਹਿਦ ਸਾਨੂੰ ਨਿਰਾਸ਼ ਨਹੀਂ ਕਰਦੀ ਸਗੋਂ ਇਸ ਨਾਲ ਤਾਂ ਸਾਨੂੰ ਉਸ ਆਇਤ ਨੂੰ ਤਦ ਤਕ ''ਫੜ੍ਹੀ'' ਰੱਖਣ ਦੀ ਪ੍ਰੇਰਣਾ ਮਿਲਦੀ ਹੈ ਜਦ ਤਕ ਉਸ ਦੇ ਅਖ਼ੀਰ ਵਿਚ ਸਾਨੂੰ ਬਰਕਤ ਨਹੀਂ ਮਿਲ ਜਾਂਦੀ ਹੈ।

ਯੂਹੰਨਾ 16 ਅਧਿਆਇ ਨਾਲ ਮੇਰਾ ਅਨੁਭਵ ਅਜਿਹਾ ਹੀ ਹੈ। ਹਫ਼ਤਾ ਭਰ ਇਹੀ ਲਗਦਾ ਰਿਹਾ ਕਿ ਇਸਦੇ ਸੰਦੇਸ਼ ਨੂੰ ਸੰਖੇਪ ਅਤੇ ਸੰਗਠਿਤ ਕਰਨ ਦੀ ਮੇਰੀ ਹਰ ਕੋਸ਼ਿਸ਼ ਵਿਚ ਅੜਚਨ ਪੈ ਰਹੀ ਹੈ। ਬਹੁਤ ਕੁਝ ਹੋ ਰਿਹਾ ਸੀ ਅਤੇ ਬਹੁਤ ਕੁਝ ਕਿਹਾ ਜਾ ਰਿਹਾ ਸੀ। ਫਿਰ, ਇਕ ਸਵੇਰ ਕੰਮ ਤੇ ਜਾਣ ਵੇਲੇ, ਮੈਂ ਆਪਣੇ ਆਪ ਨੂੰ ਸਮਝਾਇਆ ਕਿ ਜਿਹੜੀਆਂ ਖੂਬੀਆਂ

ਮੈਨੂੰ ਇਸ ਭਾਗ ਵਿੱਚੋਂ ਸਭ ਤੋਂ ਵੱਧ ਡਰਾਉਂਦੀਆਂ ਹਨ ਉਹੀ ਇਸ ਪਾਠ ਨੂੰ ਵਧੇਰੇ ਸ਼ਕਤੀ ਅਤੇ ਅੱਜ ਦੀ ਸਾਡੀ ਹਾਲਤ ਵਿਚ ਢਾਲਦੀਆਂ ਹਨ। ਪਰ ਜ਼ਿੰਦਗੀ ਵੀ ਤਾਂ ਇਵੇਂ ਹੀ ਕਰਦੀ ਹੈ! ਯੂਹੰਨਾ 16 ਦਾ ਘੁੰਮਾਊ, ਉਲਝਾਊ ਅਤੇ ਜ਼ਰੂਰੀ ਸੰਦੇਸ਼ ਸ਼ਾਇਦ ਅੱਜ ਲਈ ਬਿਲਕੁਲ ਢੁਕਵਾਂ ਹੈ।

ਇਸ ਪਾਠ ਦੇ ਸੰਦੇਸ਼ ਨੂੰ ਜਾਣਨ ਤੋਂ ਪਹਿਲਾਂ, ਸਾਨੂੰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਇਹ ਪਾਠ ਇੰਜੀਲ ਦੀ ਇਸ ਕਿਤਾਬ ਵਿਚ ਕਿੱਥੇ ਮਿਲਦਾ ਹੈ। ਆਮ ਸੇਵਕਾਈ ਦੇ ਬਾਰ੍ਹਾਂ ਪਾਠਾਂ ਦੇ ਬਾਅਦ 13 ਤੋਂ 17 ਪਾਠਾਂ ਵਿਚ ਯਿਸੂ ਅਤੇ ਉਹਦੇ ਚੇਲਿਆਂ ਵਿਚਕਾਰ ਹੋਈ ਗੱਲਬਾਤ ਵਧੇਰੇ ਹੈ। ਆਪਣੀ ਮੌਤ ਦੇ ਨੇੜੇ ਆਉਣ ਤੇ ਉਹ ਉਨ੍ਹਾਂ ਬਾਰੇ ਬਹੁਤ ਫ਼ਿਕਰਮੰਦ ਸੀ। ਜਿਸ ਕਰਕੇ ਇਨ੍ਹਾਂ ਚਾਰਾਂ ਅਧਿਆਇਆਂ ਵਿਚ ਮਿਲਣ ਵਾਲੀਆਂ ਸਿੱਖਿਆਵਾਂ ਉਹਦੇ ਚਲੇ ਜਾਣ ਦੇ ਬਾਅਦ ਉਨ੍ਹਾਂ ਨੂੰ ਤਿਆਰ ਕਰਨ ਲਈ ਹੀ ਸਨ। ਵਚਨ ਦੇ ਸਾਡੇ ਪਾਠ, ਅਧਿਆਇ 16 ਦੇ ਸ਼ੁਰੂ ਹੋਣ ਤਕ, ਯਿਸੂ ਨੇ ਉਨ੍ਹਾਂ ਦੇ ਪੈਰ ਧੋਤੇ ਸਨ, ਯਹੂਦਾ ਯਿਸੂ ਨੂੰ ਫੜਵਾਉਣ ਲਈ ਚਲਿਆ ਗਿਆ ਸੀ, ਯਿਸੂ ਨੇ ਉਨ੍ਹਾਂ ਨੂੰ ਦੱਸ ਦਿੱਤਾ ਸੀ ਕਿ ਉਹ ''ਦੂਰ ਜਾ ਰਿਹਾ'' ਹੈ ਅਤੇ ਉਸ ਨੇ ਉਨ੍ਹਾਂ ਨੂੰ ਆਉਣ ਵਾਲੇ ਸਤਾਅ ਦੀ ਵੀ ਚਿਤਾਵਨੀ ਦੇ ਦਿੱਤੀ ਸੀ।

## ''ਪਵਿੱਤਰ ਆਤਮਾ ਦੀ ਮੰਨੋ'' (16:5-15)

ਆਪਣੀ ਵਿਦਾਈ ਦੀ ਤਿਆਰੀ ਜਾਰੀ ਰੱਖਦਿਆਂ, ਯਿਸੂ ਆਪਣੇ ਚੇਲਿਆਂ ਨੂੰ ਦੱਸਣ ਲੱਗਾ ਕਿ ਉਸ ਦਾ ਜਾਣਾ ਉਨ੍ਹਾਂ ਲਈ ਫ਼ਾਇਦੇਮੰਦ ਸੀ (16:7)। ਉਸ ਨੇ ਉਨ੍ਹਾਂ ਨੂੰ ਯਾਦ ਦੁਆਇਆ ਕਿ ਉਸ ਦੇ ਜਾਣ ਤੇ ਹੀ ''ਸਹਾਇਕ''[2] ਆ ਸਕਦਾ ਸੀ। ਇਸ ਸਹਾਇਕ ਭਾਵ ਪਵਿੱਤਰ ਆਤਮਾ ਨੇ ਉਸ ਸੇਵਕਾਈ ਨੂੰ ਜੋ ਯਿਸੂ ਨੇ ਸ਼ੁਰੂ ਕੀਤੀ ਸੀ, ਅੱਗੇ ਵਧਾਉਣਾ ਸੀ। ਯਿਸੂ ਨੇ ਕਿਹਾ:

> ਅਜੇ ਮੈਂ ਤੁਹਾਡੇ ਨਾਲ ਬਹੁਤੀਆਂ ਗੱਲਾਂ ਕਰਨੀਆਂ ਹਨ ਪਰ ਹੁਣੇ ਤੁਸੀਂ ਸਹਾਰ ਨਹੀਂ ਸੱਕਦੇ। ਪਰ ਜਦ ਉਹ ਅਰਥਾਤ ਸਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸਚਿਆਈ ਵਿਚ ਤੁਹਾਡੀ ਅਗਵਾਈ ਕਰੇਗਾ ਕਿਉਂਕਿ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ। ਉਹ ਮੇਰੀ ਵਡਿਆਈ ਕਰੇਗਾ ਕਿਉਂ ਜੋ ਉਹਚ ਮੇਰੀਆਂ ਗੱਲਾਂ ਵਿੱਚੋਂ ਲਵੇਗਾ (16:12-14)।

ਕਈ ਵਾਰ ਪਵਿੱਤਰ ਆਤਮਾ ਬਾਰੇ ਕੋਈ ਚਰਚਾ ਉਲਝਣ ਅਤੇ ਫੁੱਟ ਦਾ ਕਾਰਣ ਬਣ ਜਾਂਦੀ ਹੈ। ਜਦ ਕਿ ਇਨ੍ਹਾਂ ਆਇਤਾਂ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਪਵਿੱਤਰ ਆਤਮਾ ਬਾਰੇ ਕਿਹਾ ਜਾ ਸਕਦਾ ਹੋਵੇ, ਪਰ ਇਸ ਵਿਚ ਆਤਮਾ ਦਾ ਉਦੇਸ਼ ਜ਼ਰੂਰ ਦੱਸਿਆ ਗਿਆ ਹੈ ਕਿ ਯਿਸੂ ਦੇ ਪੈਰੋਕਾਰਾਂ ਨੂੰ ਸਾਰੀ ਸਚਿਆਈ ਤਕ ਪਹੁੰਚਾਉਣਾ। ਅੱਜ ਮਸੀਹੀ ਲੋਕਾਂ ਲਈ, ਸਾਰੀ ਸਚਿਆਈ ਉਸ ਮੁਕਾਸ਼ਫ਼ੇ ਵਿਚ ਹੋਣੀ ਚਾਹੀਦੀ ਹੈ ਜਿਹੜੀ ਆਤਮਾ ਨੇ ਚੇਲਿਆਂ ਤੇ ਪਰਗਟ ਕੀਤੀ ਜਦ ਉਸ ਨੇ ''ਸਾਰੀ ਸੱਚਿਆਈ ਵਿਚ'' ਉਨ੍ਹਾਂ ਦੀ ਅਗਵਾਈ ਕੀਤੀ ਸੀ। ਸਾਨੂੰ ਇਹ ਵੀ ਯਾਦ ਰੱਖਣ ਦੀ ਲੋੜ ਹੈ ਕਿ ਆਤਮਾ ਦਾ ਮਕਸਦ ਆਪਣੇ ਵੱਲ ਧਿਆਨ ਖਿੱਚਣਾ ਨਹੀਂ ਬਲਕਿ ਪੁੱਤਰ ਦੀ ਵਡਿਆਈ ਕਰਨਾ ਹੈ। ਆਤਮਾ ਨਾਲ ਜੁੜੀ ਹਰ ਸਿੱਖਿਆ ਇਨ੍ਹਾਂ ਦੋ ਹਕੀਕਤਾਂ ਨਾਲ

ਮੇਲ ਖਾਂਦੀ ਹੋਣੀ ਚਾਹੀਦੀ ਹੈ।

## ''ਸਰੀਰਕ ਸਬੰਧ ਦੀ ਉਮੀਦ ਨਾ ਕਰੋ'' (16:16-22)

ਯਿਸੂ ਨੇ ਬਹੁਤ ਸਾਰੀਆਂ ਗੱਲਾਂ ਕਹੀਆਂ ਜਿਨ੍ਹਾਂ ਨੂੰ ਅੱਜ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ, ਪਰ ਉਨ੍ਹਾਂ ਗੱਲਾਂ ਨਾਲ ਉਸ ਵਕਤ ਉਸ ਦੇ ਚੇਲੇ ਕਾਫ਼ੀ ਉਲਝਣ ਵਿਚ ਪੈ ਗਏ ਸਨ। 16: 16-22 ਵਿਚ ਇਹੀ ਹੋਇਆ। ਯਿਸੂ ਨੇ ਦੱਸਿਆ ਸੀ ਕਿ ਆਉਣ ਵਾਲੇ ਦਿਨਾਂ ਵਿਚ ਉਹ ਉਸ ਨੂੰ ਨਹੀਂ ਵੇਖਣਗੇ, ਪਰ ''ਥੋੜ੍ਹੇ ਚਿਰ ਵਿਚ'' ਉਨ੍ਹਾਂ ਉਸ ਨੂੰ ਮੁੜ ਵੇਖਣਾ ਸੀ (16: 16, 17)। ਮਸੀਹ ਦੀ ਮੌਤ, ਦਫ਼ਨਾਏ ਜਾਣ ਅਤੇ ਮੁੜ ਜੀ ਉੱਠਣ ਬਾਰੇ ਮਸੀਹੀ ਲੋਕ ਗੱਲਾਂ ਕਰਦੇ ਅਤੇ ਇਨ੍ਹਾਂ ਘਟਨਾਵਾਂ ਨੂੰ ਉਹ ਹਰ ਐਤਵਾਰ ਪ੍ਰਭੂ ਭੋਜ ਲੈਣ ਸਮੇਂ ਯਾਦ ਕਰਦੇ ਅਤੇ ਮਨਾਉਂਦੇ ਹਨ। ਪਰ ਸਲੀਬ ਤੋਂ ਪਹਿਲਾਂ ਕੋਈ ਇਸ ਗੱਲ ਦੀ ਕਲਪਨਾ ਵੀ ਨਹੀਂ ਕਰ ਸਕਦਾ ਸੀ। ਚੇਲਿਆਂ ਨੂੰ ਲੱਗਦਾ ਸੀ ਕਿ ਯਿਸੂ ਅਜਿਹੀਆਂ ਪਹੇਲੀਆਂ ਵਿਚ ਗੱਲਾਂ ਕਰਦਾ ਹੈ ਜਿਨ੍ਹਾਂ ਨੂੰ ਸਮਝਣਾ ਸੰਭਵ ਨਹੀਂ ਹੈ।

ਯਿਸੂ ਆਪਣੇ ਜਾਣ ਲਈ ਚੇਲਿਆਂ ਨੂੰ ਤਿਆਰ ਕਰਦਾ ਰਿਹਾ, ਕਿਉਂਕਿ ਚੇਲੇ ਉਸ ਰਾਤ ਭਾਵੇਂ ਕਿੰਨੀ ਵੀ ਉਲਝਣ ਵਿਚ ਸਨ, ਯਿਸੂ ਜਾਣਦਾ ਸੀ ਕਿ ਅਗਲੇ ਦਿਨ ਜਦ ਸਲੀਬ ਦਿੱਤਾ ਜਾਵੇਗਾ ਤਾਂ ਉਹ ਹੋਰ ਵੀ ਉਲਝਣ ਵਿਚ ਪੈਣਗੇ। ਇਸ ਲਈ ਉਸ ਨੇ ਆਪਣਾ ਦੱਸਣਾ ਜਾਰੀ ਰੱਖਿਆ ਕਿ ਕੀ ਹੋਣ ਵਾਲਾ ਸੀ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਥੋੜ੍ਹੇ ਚਿਰ ਪਿੱਛੋਂ, ਜਗਤ ਰੋਏਗਾ ਪਰ ਚੇਲੇ ਅਨੰਦ ਕਰਨਗੇ (16:20-22)। ਅਸੀਂ ਵੇਖ ਸਕਦੇ ਹਾਂ ਕਿ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਅਜਿਹਾ ਹੀ ਹੋਇਆ, ਪਰ ਉਸ ਸਮੇਂ ਚੇਲਿਆਂ ਨੂੰ ਇਹ ਅਹਿਮ ਸੱਚਾਈ ਸਮਝ ਨਹੀਂ ਸੀ ਆਈ।

## ''ਮੇਰੇ ਨਾਂਅ 'ਚ ਮੰਗੋ'' (16:23-28)

ਯਿਸੂ ਨੇ ਉਨ੍ਹਾਂ ਨੂੰ ਇਹ ਦੱਸਦਿਆਂ ਕਿ ਪਿਤਾ ਕੋਲ਼ ਉਸ ਦੇ ਉੱਪਰ ਜਾਣ ਦੇ ਬਾਅਦ ਉਨ੍ਹਾਂ ਦੀ ਹਾਲਤ ਬੇਹਤਰ ਕਿਵੇਂ ਹੋਵੇਗੀ, ਚੇਲਿਆਂ ਨੂੰ ਤਸੱਲੀ ਦਿੰਦੇ ਹੋਏ ਤਿਆਰ ਕਰਨਾ ਜਾਰੀ ਰੱਖਿਆ, ''ਅਤੇ ਉਸ ਦਿਨ ਤੁਸੀਂ ਮੈਥੋਂ ਕੋਈ ਸਵਾਲ ਨਾ ਕਰੋਗੇ। ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ। ਅਜੇ ਤੀਕਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਸਗੋਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ'' (16:23, 24)। ਉਹ ਤਾਂ ਸਮਝ ਨਹੀਂ ਸਕੇ ਕਿ ਇਹ ਕਿਵੇਂ ਹੋ ਸਕਦਾ ਹੈ, ਪਰ ਯਿਸੂ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹਦੇ ਸੁਰਗ 'ਚ ਵਾਪਸ ਚਲੇ ਜਾਣ ਤੇ ਸੰਸਾਰ 'ਚ ਅਕਹਿ ਆਤਮਿਕ ਸ਼ਕਤੀ ਭੇਜੀ ਜਾਵੇਗੀ: ਉਸਦਾ ਲਹੂ ਜੋ ਜਗਤ ਦੇ ਪਾਪਾਂ ਲਈ ਵਹਾਇਆ ਜਾਣ ਵਾਲਾ ਸੀ ਅਤੇ ਪਵਿੱਤਰ ਆਤਮਾ ਜਿਸ ਨੇ ਉਸ ਦਾ ਥਾਂ ਲੈਣਾ ਸੀ ਦੋ ਅਜਿਹੀਆਂ ਸ਼ਕਤੀਆਂ ਸਨ ਜਿਨ੍ਹਾਂ ਨਾਲ ਸੰਸਾਰ ਨੂੰ ਅਕਲਪਿਤ ਢੰਗ ਨਾਲ ਬਰਕਤ ਮਿਲਣੀ ਸੀ! ਯਿਸੂ ਨੇ ਉਨ੍ਹਾਂ ਨਾਲ ਸੰਕੇਤਕ ਭਾਸ਼ਾ ਵਿਚ ਗੱਲ ਕੀਤੀ ਸੀ, ਕਿਉਂਕਿ ਉਸ ਸਮੇਂ ਉਹ ਸਿਰਫ਼ ਇਵੇਂ ਹੀ ਸਮਝ ਸਕਦੇ ਸਨ। ਪਰ ਛੇਤੀ ਹੀ ਉਨ੍ਹਾਂ ਨੂੰ ''ਸਾਫ਼'' ਸਮਝ ਆ ਜਾਣਾ ਸੀ ਕਿ ਉਸ ਦੇ ਕਹਿਣ ਤੋਂ ਕੀ ਭਾਵ ਸੀ (16:25)। ਉਸ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਉਸ ਦੇ ਨਾਮ 'ਚ ਮੰਗਣ ਤੇ, ਉਨ੍ਹਾਂ ਨੂੰ ਉਨ੍ਹਾਂ ਦੀਆਂ ਦੁਆਵਾਂ ਦਾ ਜਵਾਬ ਮਿਲੇਗਾ (16:26-28)।

## ''ਮੇਰੇ ਤੇ ਭਰੋਸਾ ਰੱਖੋ'' (16:29-32 )

ਤਸੱਲੀ ਦੇਣ ਦੇ ਯਿਸੂ ਦੇ ਸ਼ਬਦਾਂ ਦਾ ਜਵਾਬ ਚੇਲਿਆਂ ਨੇ ਉਸ ਵਿਚ ਆਪਣੇ ਵਿਸ਼ਵਾਸ ਦੇ ਇਕਰਾਰ ਨਾਲ ਦਿੱਤਾ। ਉਨ੍ਹਾਂ ਕਿਹਾ, *''ਹੁਣ ਅਸੀਂ ਜਾਣ ਗਏ ਭਈ ਤੂੰ ਸੱਭੋ ਕੁਝ ਜਾਣਦਾ ਹੈਂ ਅਰ ਤੈਨੂੰ ਲੋੜ ਨਹੀਂ ਜੋ ਤੈਥੋਂ ਕੋਈ ਪੁੱਛੇ। ਐਸ ਤੋਂ ਅਸੀਂ ਪਰਤੀਤ ਕਰਦੇ ਹਾਂ ਜੋ ਤੂੰ ਪਰਮੇਸ਼ੁਰ ਕੋਲੋਂ ਆਇਆ ਹੈਂ''* (16:30)। ਫੇਰ ਯੂਹੰਨਾ ਦੀ ਇੰਜੀਲ ਵਿਚ ਸਾਨੂੰ ''ਪਰਤੀਤ'' ਸ਼ਬਦ ਦੀ ਅਹਿਮੀਅਤ ਸਮਝ ਆ ਜਾਂਦੀ ਹੈ। ਪਰਮੇਸ਼ੁਰ ਦੇ ਪੁੱਤਰ ਦੇ ਰੂਪ ਵਿਚ ਯਿਸੂ ਵਿਚ ਵਿਸ਼ਵਾਸ ਦੁਆਉਣਾ ਹੀ ਇੰਜੀਲ ਦੀ ਇਸ ਕਿਤਾਬ ਦਾ ਟੀਚਾ ਹੈ (20:30, 31)। ਸਾਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਯੂਹੰਨਾ ਨੇ ''ਪਰਤੀਤ'' ਸ਼ਬਦ ਦੀ ਵਰਤੋਂ ਕਈ ਢੰਗਾਂ ਨਾਲ ਕੀਤੀ ਹੈ। ਕੁਝ ਆਇਤਾਂ ਵਿਚ ਇਸ ਦਾ ਅਰਥ ਹੈ ਕਿ ਕਿਸੇ ਨੇ ਯਿਸੂ ਨੂੰ ਪਰਮੇਸ਼ੁਰ ਦਾ ਪੁੱਤਰ ਕਬੂਲ ਕੀਤਾ। ਕਿਤੇ ਇਸ ਦਾ ਅਰਥ ਯਿਸੂ ਵਿਚ ਵਿਸ਼ਵਾਸ ਰੱਖ ਕੇ ''ਲੋਕਾਂ ਵਿਚ ਜਾਣਾ'' ਹੈ, ਜਦ ਕਿ ਹੋਰਨਾਂ ਥਾਂਵਾਂ ਤੇ ਇਸ ਦਾ ਅਰਥ ਯਿਸੂ ਦੇ ਮਗਰ ਚੱਲਣ ਦੀ ਵਚਨਬੱਧਤਾ ਦਾ ''ਪੱਕਾ ਇਰਾਦਾ'' ਹੈ। 16:30 ਵਿਚ ਚੇਲੇ ਕਹਿ ਰਹੇ ਸਨ ਕਿ ਉਨ੍ਹਾਂ ਨੇ ਯਿਸੂ ਦੇ ਦਾਅਵੇ ਨੂੰ ਸੱਚ ਮੰਨਿਆ ਸੀ ਭਾਵ ਉਹ ਮੰਨਦੇ ਸਨ ਕਿ ਉਹ ''ਪਰਮੇਸ਼ੁਰ ਵੱਲੋਂ ਆਇਆ ਹੈ।''

ਯਿਸੂ ਨੇ ਉਨ੍ਹਾਂ ਦੇ ਵਿਸ਼ਵਾਸ ਨੂੰ ਚੁਣੌਤੀ ਦਿੱਤੀ, ਕਿਉਂਕਿ ਉਹ ਜਾਣਦਾ ਸੀ ਕਿ ਉਹ ਆਪਣੇ ਵਿਸ਼ਵਾਸ ਲਈ ਕੁਰਬਾਨ ਹੋਣ ਨੂੰ ਤਿਆਰ ਨਹੀਂ ਸਨ (16:32)। ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਉਸ ਨੂੰ ਇਕੱਲਾ ਛੱਡ ਜਾਣਗੇ। ਇਸ ਸਮੇਂ, ਅਸੀਂ ਯਿਸੂ ਨੂੰ ਯੂਹੰਨਾ ਦੇ ਵਿਰਤਾਂਤ ਦੀਆਂ ਘਟਨਾਵਾਂ ਅਤੇ ਉਹਦੇ ਦਾਅਵਿਆਂ ਤੇ ਵਿਸ਼ਵਾਸ ਕਰਨ ਦੀ ਚੁਣੌਤੀ ਦਿੰਦੇ ਵੇਖਦੇ ਹਾਂ। ਕੀ ਅਸੀਂ ਸਚਮੁੱਚ ਵਿਚ ਵਿਸ਼ਵਾਸ ਕਰਦੇ ਹਾਂ? ਅਸੀਂ ਕਹਿੰਦੇ ਹਾਂ ਕਿ ਸਾਡਾ ਵਿਸ਼ਵਾਸ ਹੈ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ, ਪਰ ਕੀ ਅਸੀਂ ਤਦ ਵੀ ਵਿਸ਼ਵਾਸ ਵਿਚ ਬਣੇ ਰਹਾਂਗੇ ਜਦ ਇਸ ਦਾ ਅਰਥ ਉਸਦੇ ਲਈ ਦੁੱਖ ਝੱਲਣ ਦੀ ਵੀ ਕਹਾਣੀ ਹੈ!

## ''ਤੁਹਾਨੂੰ ਮੇਰੇ ਵਿਚ ਸ਼ਾਂਤੀ ਹੋਵੇ'' (16:33)

ਜੇ ਅਧਿਆਇ 16 ਵਿਚ ਯਿਸੂ ਦੀਆਂ ਸਿੱਖਿਆਵਾਂ ਨੂੰ ਮਿਲਾ ਕੇ ਇਕ ਕੇਂਦਰੀ ਭਾਵ ਬਣਾਉਣਾ ਹੋਵੇ ਤਾਂ ਆਇਤ 33 ਦਾ ਸੰਦੇਸ਼ ਹੋਵੇਗਾ। ਹਰ ਚਿਤਾਵਨੀ, ਨਬੂਵਤ ਅਤੇ ਵਾਅਦਾ ਚੇਲਿਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਸਭ ਤੋਂ ਔਖੇ ਸਮੇਂ ਵਿਚ ਤਸੱਲੀ ਦੇਣ ਦੇ ਮਕਸਦ ਨਾਲ ਦਿੱਤੀ ਗਈ ਸੀ! ਯਿਸੂ ਨੇ ਆਪਣੇ ਚੇਲਿਆਂ ਨਾਲ ਕਦੇ ਇਹ ਵਾਅਦਾ ਨਹੀਂ ਕੀਤਾ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਕਸ਼ਟ ਨਹੀਂ ਆਏਗਾ, ਸਗੋਂ ਉਸ ਨੇ ਇਹ ਵਾਅਦਾ ਕੀਤਾ ਹੈ ਕਿ ਦੁੱਖ ਵਿਚ ਵੀ ਉਹ ਉਨ੍ਹਾਂ ਨੂੰ ਖ਼ੁਦਾ ਦੀ ਸ਼ਾਂਤੀ ਦਿੰਦਾ ਰਹੇਗਾ, ''ਮੈਂ ਇਹ ਗੱਲਾਂ ਤੁਹਾਨੂੰ ਇਸ ਲਈ ਆਖੀਆਂ ਹਨ ਜੋ ਤੁਹਾਨੂੰ ਮੇਰੇ ਵਿਚ ਸ਼ਾਂਤੀ ਹੋਵੇ। ਜਗਤ ਵਿਚ ਤੁਹਾਨੂੰ ਕਸ਼ਟ ਹੈ ਪਰ ਹੌਂਸਲਾ ਰੱਖੋ, ਮੈਂ ਜਗਤ ਨੂੰ ਜਿੱਤ ਲਿਆ ਹੈ'' (16:33)। ਇੱਥੇ ''ਮੈਂ'' ਸ਼ਬਦ ਤੇ ਜ਼ੋਰ ਦਿੱਤਾ ਗਿਆ ਹੈ। ਅਗਲੇ ਚੌਵ੍ਹੀ ਘੰਟਿਆਂ ਵਿਚ ਚੇਲਿਆਂ ਨੂੰ ਕਈ ਤਰ੍ਹਾਂ ਇਹ ਲੱਗਣਾ ਸੀ ਕਿ ਸੰਸਾਰ ਜਿੱਤ ਗਿਆ ਹੈ ਅਤੇ ਬੁਰਾਈ ਦੀ ਜਿੱਤ ਹੋ ਗਈ ਹੈ। ਯਿਸੂ ਨੇ ਉਨ੍ਹਾਂ ਨੂੰ ਮਜ਼ਬੂਤੀ ਨਾਲ ਇਹ ਕਹਿ ਕੇ ਕਿ ਉਸ ਨੇ ਜਗਤ ਨੂੰ ਜਿੱਤ ਲਿਆ ਹੈ ਇਸਦੇ ਲਈ ਤਿਆਰ ਕੀਤਾ। ਇਹ ਗੱਲ ਵੀ ਅਹਿਮ ਹੈ ਕਿ ''ਜਿੱਤ ਲਿਆ ਹੈ'' ਯੂਨਾਨੀ ਭਾਸ਼ਾ ਵਿਚ ਪੂਰਣ ਕਾਲ ਵਿਚ ਹੈ। ਇਸ ਲਈ ਇਸ ਵਿਚ ਇਹ ਅਰਥ ਪੱਕਾ ਹੈ ਕਿ ''ਮੈਂ ਸੰਸਾਰ ਨੂੰ ਪਹਿਲਾਂ ਹੀ ਜਿੱਤ ਲਿਆ ਹੈ ਅਤੇ ਮੇਰੇ ਜਿੱਤਣ ਦਾ

ਸਬੂਤ ਪਹਿਲਾਂ ਤੋਂ ਹੀ ਹੈ!'' ਜਦ ਕਿ ਮੂਲ ਵਿਚ ਅਗਲੇ ਦਿਨ ਤਕ ਯਿਸੂ ਸਲੀਬ ਨਹੀਂ ਚੜ੍ਹਿਆ ਸੀ, ਪਰ ਉਸ ਨੇ ਚੇਲਿਆਂ ਨੂੰ ਸਾਫ਼ ਭਰੋਸਾ ਦਿੱਤਾ ਕਿ ਸਭ ਕੁਝ ਯੋਜਨਾ ਅਨੁਸਾਰ ਚੱਲ ਰਿਹਾ ਹੈ ਅਤੇ ਥੋੜ੍ਹੇ ਚਿਰ ਬਾਅਦ ਹੋਣ ਵਾਲੀਆਂ ਘਟਨਾਵਾਂ ਵੀ ਮੁਬਾਰਕ ਹੋਣਗੀਆਂ।

## ਸਾਰ

ਭਾਂਵੇਂ ਪਹਿਲਾਂ ਲਗ ਸਕਦਾ ਹੈ ਕਿ ਸਾਡੇ ਹਾਲਾਤ ਚੇਲਿਆਂ ਨਾਲੋਂ ਫ਼ਰਕ ਹਨ ਜਿਨ੍ਹਾਂ ਨੇ ਇਸ ਪਾਠ ਵਿਚ ਪਹਿਲਾਂ ਤਸੱਲੀ ਦੇ ਸ਼ਬਦ ਸੁਣੇ ਸਨ, ਪਰ ਸਾਡੀ ਦੁਨੀਆਂ ਭਲਾ ਸਚਮੁਚ ਫ਼ਰਕ ਹੈ? ਉਨ੍ਹਾਂ ਵਾਂਗ, ਸਾਨੂੰ ਵੀ ਅਕਲਪਿਤ ਕਸ਼ਟਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਅਸੀਂ ਵੀ ਖ਼ੁਦਾ ਵਿਚ ਵਿਸ਼ਵਾਸ ਗੁਆਉਣ ਦੀ ਅਜ਼ਮਾਇਸ਼ ਵਿਚ ਪੈ ਜਾਦੇ ਹਾਂ, ਦਾਅਵਾ ਕਰਦੇ ਹਾਂ ਕਿ ਸਾਨੂੰ ਵਿਸ਼ਵਾਸ ਹੈ ਜਦ ਕਿ ਅਖ਼ੀਰ ਵਿਚ ਉਹਦਾ ਇਨਕਾਰ ਕਰਦੇ ਨਜ਼ਰ ਆਉਂਦੇ ਹਾਂ ਅਤੇ ਇਸ ਹਲਚਲ ਭਰੇ ਸੰਸਾਰ ਵਿਚ ਸ਼ਾਂਤੀ ਲਈ ਤੜਪਦੇ ਹਾਂ। ਯਿਸੂ ਚੇਲਿਆਂ ਨੂੰ ਆਉਣ ਵਾਲੇ ਸੰਘਰਸ਼ਾਂ ਲਈ ਤਿਆਰ ਕਰਨਾ ਚਾਹੁੰਦਾ ਸੀ। ਯਕੀਨਨ ਹੀ ਜੇ ਆਪਣੀ ਜ਼ਿੰਦਗੀ ਵਿਚ ਆਉਣ ਵਾਲੇ ਕੱਲ੍ਹ ਦੀ ਹਰ ਗੱਲ ਦਾ ਸਾਹਮਣਾ ਕਰਨ ਲਈ ਉਹਦੀਆਂ ਗੱਲਾਂ ਤੇ ਧਿਆਨ ਦੇਈਏ ਤਾਂ ਸਾਡੇ ਲਈ ਵੀ ਉਨ੍ਹਾਂ ਦਾ ਇਹੀ ਉਦੇਸ਼ ਹੈ। ''ਦੁੱਖ ਦੀ ਉਮੀਦ ਰੱਖੋ ਅਤੇ ਤਿਆਰ ਰਹੋ'' ਮੁਸ਼ਕਿਲ ਵਕਤ ਵਿਚ ਪਰਮੇਸ਼ੁਰ ਦੀ ਸ਼ਾਂਤੀ ਬਣਾਈ ਰੱਖਣ ਲਈ ਯੂਹੰਨਾ 16 ਵਿਚ ਯਿਸੂ ਦਾ ਫ਼ਾਰਮੂਲਾ ਹੈ।

ਜੂਨ 1995 ਵਿਚ ਇਕ ਮਿਸ਼ਨ ਵਿਚ ਅਮਰੀਕੀ ਹਵਾਈ ਸੈਨਾ ਦੇ ਪਾਇਲਟ ਕੈਪਟਨ ਸਕਾਟ ਫ਼੍ਰਾਂਸਿਸ ਓ'ਗ੍ਰੇਡੀ ਦੇ ਬੋਸਨੀਆ-ਹਰਜ਼ੇਗੋਵਿਨਾ ਦੇ ਉੱਪਰ ਉਡਾਣ ਭਰਦੇ ਜਹਾਜ਼ ਨੂੰ ਗੋਲੀ ਮਾਰ ਕੇ ਹੇਠਾਂ ਸੁੱਟ ਦਿੱਤਾ ਗਿਆ। ਉਹ ਪੈਰਾਸ਼ੂਟ ਨਾਲ ਸੁਰਖਿੱਅਤ ਹੇਠਾਂ ਉਤਰ ਆਇਆ, ਪਰ ਉਸ ਨੂੰ ਪਤਾ ਸੀ ਕਿ ਜਿਨ੍ਹਾਂ ਉਸਨੂੰ ਗੋਲੀ ਮਾਰੀ ਹੈ, ਉਹ ਉਸ ਨੂੰ ਕੈਦੀ ਬਣਾਉਣ ਲਈ ਲੱਭਦੇ ਹੋਣਗੇ। ਹਵਾਈ ਫ਼ੌਜ ਦੇ ਪਰੀਖਣ ਦੌਰਾਨ ਆਪਣੇ ਮੁਸ਼ਕਿਲ ਅਭਿਆਸ ਦੀ ਵਰਤੋਂ ਕਰਦੇ ਹੋਏ, ਓ'ਗ੍ਰੇਡੀ ਨੌਸੈਨਿਕਾਂ ਦੁਆਰਾ ਉਸ ਨੂੰ ਬਚਾਉਣ ਆਉਣ ਤੋਂ ਪਹਿਲਾਂ ਉਹ ਛੇ ਦਿਨ ਤਕ ਵੈਰੀ ਸਿਪਾਹੀਆਂ ਤੋਂ ਛੁੱਪ ਕੇ ਬੈਠਾ ਰਿਹਾ। ਉਸ ਦੌਰਾਨ ਉਹ ਵਰਖਾ ਦਾ ਪਾਣੀ ਪੀ ਕੇ ਤੇ ਮਾਂਗਣੂ ਖਾ ਕੇ ਜਿਉਂਦਾ ਰਿਹਾ। ਜਦ ਉਸ ਨੇ ਭਿਆਨਕ ਅਨੁਭਵ ਲਈ ਓ ਗ੍ਰੇਡੀ ਦੀ ਇੰਟਰਵਿਊ ਹੋਈ ਤਾਂ ਉਸ ਨੇ ਆਪਣੇ ਬਚਾਅ ਦਾ ਸਿਹਰਾ ਐਨਾ ਵਿਚ ਲਈ ਗਈ ਟ੍ਰੇਨਿੰਗ ਸਿਰ ਬੱਧਾ। ਹਵਾਈ ਸੈਨਾ ਨੇ ਉਸ ਨੂੰ ਮੁਸ਼ਕਲ ਆਉਣ ਦਾ ਪੂਰਵ ਅਨੁਮਾਨ ਲਗਾਉਣ ਦੀ ਸਿੱਖਿਆ ਦਿੱਤੀ ਸੀ, ਸੋ ਜਦ ਮੁਸ਼ਕਲ ਆਈ ਤਾਂ ਉਹ ਤਿਆਰ ਸੀ।

ਅੱਜ ਯਿਸੂ ਨਹੀਂ ਚਾਹੁੰਦਾ ਕਿ ਉਸ ਦੇ ਚੇਲੇ ਜ਼ਿੰਦਗੀ ਦੀਆਂ ਸਭ ਖ਼ਤਰਨਾਕ ਸੰਭਾਵਨਾਵਾਂ ਦੀ ਚਿੰਤਾ ਕਰਨ (6:25-34), ਪਰ ਉਹ ਸ;ਨੂੰ ਇਹ ਦੱਸਣਾ ਚਾਹੁੰਦਾ ਹੈ ਕਿ ਕਸ਼ਟ ਤਾਂ ਚੇਲਿਆਂ ਦੇ ਜ਼ਿੰਦਗੀ ਦਾ ਹਿੱਸਾ ਹਨ। ਇਸ ਗੱਲ ਨੂੰ ਜਾਣਦੇ ਹੋਏ, ਅਸੀਂ ਤਿਆਰ ਹੋ ਸਕਦੇ ਹਾਂ ਤਾਂ ਕਿ ਜਦ ਕਦੀ ਮੁਸ਼ਕਲ ਆਏ ਤਾਂ ਸਾਡੀ ਆਤਮਿਕ ਮੌਤ ਨਾ ਹੋਵੇ।

ਇਸ ਪਾਠ ਵਿਚ ਸੁਝਾਅ ਮਿਲਦਾ ਹੈ ਕਿ ਬਹੁਤ ਵਾਰ ਸਾਨੂੰ ਉਹ ਸੁਣਨ ਦੀ ਲੋੜ ਹੁੰਦੀ ਹੈ ਜੋ ਸਾਨੂੰ ਲੱਗਦਾ ਹੈ ਕਿ ਉਸ ਸਮੇਂ ਸੁਣਨਾ ਨਹੀਂ ਚਾਹੀਦਾ । ਲੋਕੀ ਕਈ ਵਾਰ ਬਾਈਬਲ ਕਲਾਸ ਜਾਂ ਸੰਦੇਸ਼ ਤੇ ਇਤਰਾਜ਼ ਕਰਦੇ ਹਨ, ''ਮੈਨੂੰ ਇਹ ਸਭ ਦੱਸਣ ਦੀ ਲੋੜ ਨਹੀਂ ਹੈ।'' ਸੱਚਾਈ ਇਹ ਹੈ ਕਿ ਸਾਨੂੰ ਬਹੁਤ ਵਾਰ ਉਸ ਸਮੇਂ ਲਈ ਸ਼ਬਕ ਸੁਣਨ ਦੀ ਲੋੜ ਹੁੰਦੀ ਹੈ ਜੋ

''ਸਾਡੇ ਤੇ ਅਜੇ ਨਹੀਂ ਆਇਆ।'' ਕਹਿਣ ਤੋਂ ਭਾਵ ਇਹ ਹੈ ਕਿ ਸਾਨੂੰ ਉਹ ਗੱਲਾਂ ਸੁਣਨ ਦੀ ਲੋੜ ਹੁੰਦੀ ਹੈ, ਜੋ ਅਸੀਂ ਅਜੇ ਸੁਣਨਾ ਨਹੀਂ ਚਾਹੁੰਦੇ, ਭਵਿੱਖ ਵਿਚ ਆਉਣ ਵਾਲੇ ਕਿਸੇ ਵੀ ਹਾਲਾਤ ਦਾ ਸਾਹਮਣਾ ਕਰਨ ਲਈ ਅਸੀਂ ਤਿਆਰ ਹੋਈਏ। ਯਕੀਨਨ ਹੀ ਯਿਸੂ ਨੇ ਪਾਠ 16 ਵਿਚ ਕਿਹਾ ਸੀ ਉਸ ਤੋਂ ਚੇਲੇ ਅਨੰਦਿਤ ਨਹੀਂ ਹੋਏ ਸਨ, ਪਰ ਯਿਸੂ ਜਾਣਦਾ ਸੀ ਕਿ ਉਨ੍ਹਾਂ ਨੂੰ ਇਹ ਸੁਣਨਾ ਚਾਹੀਦਾ ਹੈ। ਇੰਜ, ਸਾਨੂੰ ਪਵਿੱਤਰ ਲਿਖਤ ਦੇ ਸੰਪੂਰਣ ਸੰਦੇਸ਼ ਨੂੰ ਸੁਣਨ ਦੀ ਲੋੜ ਹੈ। ਫਿਰ ਜਿਵੇਂ ਕਿ ਪੌਲੁਸ ਨੇ ਕਿਹਾ ਹੈ, ਕਿ ਅਸੀਂ ਕਿਸੇ ਵੀ ਗੱਲ ਲਈ ਜੋ ਸਾਡੇ ਰਾਹ ਵਿਚ ਆਉਂਦੀ ਹੈ, ਪੂਰੀ ਤਰ੍ਹਾਂ ਤਿਆਰ ਹੋਵਾਂਗੇ (2 ਤਿਮੋਥਿਉਸ 3: 14-17)।

ਬਾਰਾਂ ਅਤੇ ਚੌਦਾਂ ਵਰ੍ਹਿਆਂ ਦੀਆਂ ਮੇਰੀਆਂ ਦੋ ਬੇਟੀਆਂ ਹਨ। ਬਾਪ ਹੋਣ ਦੇ ਕਾਰਣ ਇਨ੍ਹਾਂ ਦਿਨਾਂ ਵਿਚ ਘੜੀ ਦੀ ਆਵਾਜ਼ ਮੇਰੇ ਕੰਨਾਂ ਵਿਚ ਤੇਜ਼ ਹੁੰਦੀ ਜਾ ਰਹੀ ਹੈ। ਮੈਂ ਜਾਣਦਾ ਹਾਂ ਕਿ ਮੇਰੀਆਂ ਬੇਟੀਆਂ ਨਾਲ ਮੇਰਾ ਸਮਾਂ ਬਹੁਤ ਤੇਜੀ ਨਾਲ ਬੀਤ ਰਿਹਾ ਹੈ। ਅਤੇ ਕੁਝ ਹੀ ਵਰ੍ਹਿਆਂ ਵਿਚ ਮੇਰੀਆਂ ਵਿਚ ਉਹ ਮੇਰੇ ਘਰ ਤੋਂ ਵਿਦਿਆ ਹੋ ਜਾਣਗੀਆਂ। ਇਹ ਅਹਿਸਾਸ ਕਰਦੇ ਹੋਏ, ਮੈਂ ਅਕਸਰ ਹੈਰਾਨ ਹੁੰਦਾ ਹਾਂ ਕਿ ਕੀ ਉਹ ਬਾਹਰ ਜਾਣ ਲਈ ਤਿਆਰ ਹੋਣਗੀਆਂ। ਕੀ ਉਨ੍ਹਾਂ ਨੂੰ ਸੰਸਾਰ ਵਿਚ ਰਹਿਣਾ ਅਤੇ ਤਰੱਕੀ ਕਰਨਾ ਆ ਜਾਵੇਗਾ? ਕੀ ਉਹ ਆਪਣੀ ਸੰਭਾਲ ਕਰਨੀ ਸਿੱਖ ਲੈਣਗੀਆਂ? ਕੀ ਉਨ੍ਹਾਂ ਨੂੰ ਯਿਸੂ ਵਿਚ ਪੱਕਾ ਵਿਸ਼ਵਾਸ਼ ਹੋਵੇਗਾ, ਜੋ ਉਨ੍ਹਾਂ ਨੂੰ ਉਨ੍ਹਾਂ ਸਾਹਮਣੇ ਆਉਣ ਵਾਲੇ ਹਰੇਕ ਮੁਸ਼ਕਿਲ ਹਾਲਾਤ ਵਿਚ ਵੇਖਦਾ ਹੈ? ਮੈਂ ਨਹੀਂ ਜਾਣਦਾ ਕਿ ਉਨ੍ਹਾਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ। ਅਤੇ ਇਕ ਪਿਤਾ ਹੋਣ ਦੇ ਨਾਤੇ ਸ਼ਾਇਦ ਮੈਂ ਉਨ੍ਹਾਂ ਨੂੰ ਉਨ੍ਹਾਂ ਦੇ ਭਵਿੱਖ ਲਈ ਤਿਆਰ ਕਰ ਪਾਇਆ ਹਾਂ।

ਸਾਡੇ ਪਾਠ ਦੇ ਇਸ ਹਿੱਸੇ ਵਿਚ, ਯਿਸੂ ਇਕ ਬਾਪ ਦੇ ਰੂਪ ਵਿਚ ਆਪਣੇ ਬੱਚਿਆਂ ਨੂੰ ਸੰਸਾਰ ਵਿਚ ਘੱਲਣ ਲਈ ਤਿਆਰ ਕਰ ਰਿਹਾ ਲੱਗਦਾ ਹੈ। ਉਸ ਨੇ ਕਿਹਾ ਸੀ ਕਿ ਉਹ ਆਪਣੇ ਚੇਲਿਆਂ ਦੇ ਨਾਲ ਰਹਿਣ ਲਈ ''ਸਹਾਇਕ'' ਘੱਲੇਗਾ, ਉਹ ਸੱਚਾਈ ਸਾਨੂੰ ਸਾਡੇ ਜ਼ਿੰਦਗੀ ਦੇ ਲੰਗਰ ਦੇ ਰੂਪ ਵਿਚ ਦਿੱਤੀ ਗਈ ਹੈ, ਕਿ ਜਿਵੇਂ ਦਿਨ ਦੇ ਬਾਦ ਰਾਤ ਹੁੰਦੀ ਹੈ, ਉਵੇਂ ਹੀ ਅਨੰਦ ਬਾਦ ਦੁੱਖ ਵੀ ਆਏਗਾ, ਕਿ ਸਾਡੀਆਂ ਦੁਆਵਾਂ ਉਸ ਪ੍ਰੇਮੀ ਬਾਪ ਦੁਆਰਾ ਸੁਣੀਆਂ ਜਾਂਦੀਆਂ ਹਨ ਜੋ ਸਾਡੀ ਭਲਾਈ ਚਾਹੁੰਦਾ ਹੈ ਅਤੇ ਇਹ ਕਿ ਯਿਸੂ ਨੇ ਸੰਸਾਰ ਤੇ ਜਿੱਤ ਪਾ ਲਈ ਹੈ। ਸਾਨੂੰ ਹੋਰ ਕੀ ਸੁਣਨ ਦੀ ਲੋੜ ਹੈ? ਸਾਡੇ ਜ਼ਿੰਦਗੀ ਵਿਚ ਕੱਲ੍ਹ ਕੁਝ ਵੀ ਲੈਕੇ ਆਵੇ, ਭਾਵ ਭਾਵੇਂ ਦੁੱਖ ਹੋਵੇ ਜਾਂ ਚੈਨ, ਅਸੀਂ ਸ਼ਾਂਤੀ ਨਾਲ ਰਹਿ ਸਕਦੇ ਹਾਂ, ਯਿਸੂ ਨੇ ਸਾਨੂੰ ਭਵਿੱਖ ਲਈ ਤਿਆਰ ਕੀਤਾ ਹੈ।

ਇਸ ਅਧਿਆਇ ਦੀ ਰੂਹ ਬੜੇ ਹੀ ਖੂਬਸੂਰਤ ਭਜਨ ਵਿਚ ਮਿਲਦੀ ਹੈ, ਜਿਸ ਦਾ ਪੰਜਾਬੀ ਅਨੁਵਾਦ ਇਸ ਤਰ੍ਹਾਂ ਹੈ:

ਸ਼ਾਂਤੀ, ਪੂਰੀ ਸ਼ਾਂਤੀ, ਪਾਪ ਨਾਲ ਭਰੀ ਇਸ ਹਨੇਰੀ ਦੁਨੀਆਂ ਵਿਚ:
    ਯਿਸੂ ਦਾ ਲਹੂ ਇਸ ਨੂੰ ਹੌਲੇ ਜਿਹੇ
    ਸ਼ਾਂਤੀ ਦਿੰਦਾ ਹੈ।
ਸ਼ਾਂਤੀ, ਪੂਰੀ ਸ਼ਾਂਤੀ, ਬੇਸ਼ੁਮਾਰ ਫ਼ਰਜ਼ਾਂ ਦੇ ਦਬਾਵਾਂ ਤੋਂ:
ਯਿਸੂ ਦੀ ਮਰਜ਼ੀ, ਪੂਰੀ ਕਰਨਾ ਹੀ ਤਾਂ ਅਰਾਮ ਹੈ।
ਸ਼ਾਂਤੀ, ਪੂਰੀ ਸ਼ਾਂਤੀ, ਆਲੇ ਦੁਆਲੇ ਕਹਿਰਾਂ ਦੇ ਦੁੱਖਾਂ ਨਾਲ:

ਯਿਸੂ ਦੇ ਰੱਖਣ ਵਿਚ ਅਸੀਂ ਸੁਰੱਖਿਅਤ ਹਾਂ, ਅਤੇ ਉਹ ਵੀ।
ਸ਼ਾਂਤੀ, ਪੂਰੀ ਸ਼ਾਂਤੀ, ਸਾਡਾ ਭਵਿੱਖ ਜਿਸ ਦਾ ਕੋਈ ਪਤਾ ਨਹੀ:
ਯਿਸੂ ਨੂੰ, ਅਸੀਂ ਜਾਣਦੇ ਹਾਂ ਕਿ ਉਹ ਤਖ਼ਤ 'ਤੇ ਹੈ।
ਬਹੁਤ ਹੋ ਗਿਆ; ਧਰਤੀ ਦੀ ਜੱਦੋ-ਜਹਿਦਾਂ ਛੇਤੀ ਹੀ ਮੁੱਕ ਜਾਣਗੀਆਂ।

ਐਡਵਰਡ ਐਚ. ਬਿੱਕਰਸੇਥ

---

ਟਿੱਪਣੀਆਂ

[1]ਇਹ ਕਹਾਣੀ ਉਤਪਤ 32:22-32 ਵਿਚ ਮਿਲਦੀ ਹੈ। [2]ਯੂਨਾਨੀ ਸ਼ਬਦ *parakeltos* ਜਿਸ ਦਾ ਅਰਥ ''ਸਹਾਇਕ'' ਹੈ, ਲਈ ਅੰਗ੍ਰੇਜ਼ੀ ਦੇ ਅਨੁਵਾਦ ਵਿਚ ''helper,'' ''counselor,'' ''comforter'' ਅਤੇ ''advocated'' ਜਾਂ ''ਨਾਲ ਮਦਦ ਲਈ ਆਉਣ ਵਾਲਾ।'' ਇੱਥੇ ਇਸ ਦੀ ਵਰਤੋਂ ਪਵਿੱਤਰ ਆਤਮਾ ਲਈ ਕੀਤੀ ਗਈ ਹੈ ਜੋ ਯਿਸੂ ਦੇ ਜੀ ਉੱਠਣ ਅਤੇ ਸੁਰਗ ਤੇ ਚੜ੍ਹਨ ਦੇ ਬਾਅਦ ਪੈਂਟੀਕਾਸਟ ਵਾਲੇ ਦਿਨ ਚੇਲਿਆਂ ਤੇ ਵਹਾਇਆ ਗਿਆ ਸੀ (ਰਸੂਲਾਂ ਦੇ ਕੰਮ 2)।